ਅੱਲਾਹ ਦੇ ਨਬੀ □ ਸਾਡੇ ਕੋਲ ਆਏ ਤਾਂ ਅਸੀਂ ਕਿਹਾ : ਹੇ ਅੱਲਾਹ ਦੇ ਰਸੂਲ ! ਅਸੀਂ ਇਹ ਤਾਂ ਜਾਣ ਗਏ ਹਾਂ ਕਿ ਅਸੀਂ ਤੁਹਾਡੇ 'ਤੇ ਸਲਾਮ ਕਿਵੇਂ ਭੇਜੀਏ , ਲੇਕਿਨ (ਇਹ ਨਹੀਂ ਪਤਾ ਕਿ) ਅਸੀਂ ਤੁਹਾਡੇ 'ਤੇ ਦਰੂਦ ਕਿਵੇਂ ਭੇਜੀਏ ?

ਅਬਦੁਰ ਰਹਿਮਾਨ ਬਿਨ ਅਬੂ -ਲੈਲਾ ਫਰਮਾਉਂਦੇ ਹਨ ਕਿ ਕਾਬ ਬਿਨ ਉਜਰਾਹ ਨੇ ਮੈਨੂੰ ਮਿਲ ਕੇ ਕਿਹਾ : ਕੀ ਮੈਂ ਤੈਨੂੰ ਇੱਕ ਤੋਹਫਾ ਨਾ ਦਿਆਂ ? ਅੱਲਾਹ ਦੇ ਨਬੀ □ ਸਾਡੇ ਕੋਲ ਆਏ ਤਾਂ ਅਸੀਂ ਕਿਹਾ : ਹੇ ਅੱਲਾਹ ਦੇ ਰਸੂਲ ! ਅਸੀਂ ਇਹ ਤਾਂ ਜਾਣ ਗਏ ਹਾਂ ਕਿ ਅਸੀਂ ਤੁਹਾਡੇ 'ਤੇ ਸਲਾਮ ਕਿਵੇਂ ਭੇਜੀਏ , ਲੇਕਿਨ (ਇਹ ਨਹੀਂ ਪਤਾ ਕਿ) ਅਸੀਂ ਤੁਹਾਡੇ 'ਤੇ ਦਰੂਦ ਕਿਵੇਂ ਭੇਜੀਏ ? ਆਪ □ ਨੇ ਫਰਮਾਇਆ: "ਕਹੋ : اللّٰهُمَّ صَلِّ عَلَى مُحَمَّدٍ وَعَلَى آلِ مُحَمَّدٍ، كَمَا صَلَّيْتَ عَلَى آلِ إِبْرَاهِيمَ، إِنَّكَ حَمِيدٌ مَجِيدٌ، اللّٰهُمَّ بَارِكْ عَلَى مُحَمَّدٍ وَعَلَى آلِ مُحَمَّدٍ، كَمَا بَارَكْتَ عَلَى آلِ إِبْرَاهِيمَ، إِنَّكَ حَمِيدٌ مَجِيدٌ - ਅੱਲਾਹੁੱਮਾ ਸੱਲੀ ਅਲਾ ਮੁਹੰਮਦਿਨ ਵਾ ਅਲਾ ਆਲੇ ਮੁਹੰਮਦ , ਕਮਾ ਸੱਲੈਤਾ ਅਲਾ ਆਲੇ ਇਬਰਾਹੀਮ, ਇੱਨਾਕਾ ਹਮੀਦੁਨ ਮਜੀਦ। ਅੱਲਾਹੁੱਮਾ ਬਾਰਿਕ ਅਲਾ ਮੁਹੰਮਦਿਨ ਵਾ ਅਲਾ ਆਲੇ ਮੁਹੰਮਦ , ਕਮਾ ਬਾਰਕਤਾ ਅਲਾ ਆਲੇ ਇਬਰਾਹੀਮ, ਇੱਨਾਕਾ ਹਮੀਦੁਨ ਮਜੀਦ। "(ਹੇ ਅੱਲਾਹ ! ਮੁਹੰਮਦ □ ਅਤੇ ਮੁਹੰਮਦ □ ਦੇ ਘਰਾਨੇ ਉੱਤੇ ਰਹਿਮਤ ਭੇਜੋ , ਜਿਵੇਂ ਤੁਸੀਂ ਇਬਰਾਹੀਮ (ਅ.) ਅਤੇ ਇਬਰਾਹੀਮ (ਅ.) ਦੇ ਘਰਾਨੇ ਉੱਤੇ ਰਹਿਮਤ ਭੇਜੀ ਸੀ। ਬੇਸ਼ੱਕ ਤੁਸੀਂ ਤਾਰੀਫਾਂ ਵਾਲੇ ਅਤੇ ਮਹਾਨ ਹੋ। ਹੇ ਅੱਲਾਹ ! ਮੁਹੰਮਦ □ ਅਤੇ ਮੁਹੰਮਦ □ ਦੇ ਘਰਾਨੇ ਉੱਤੇ ਬਰਕਤ ਭੇਜੋ , ਜਿਵੇਂ ਤੁਸੀਂ ਇਬਰਾਹੀਮ (ਅ.) ਅਤੇ ਇਬਰਾਹੀਮ (ਅ.) ਦੇ ਘਰਾਨੇ ਉੱਤੇ ਬਰਕਤ ਭੇਜੀ ਸੀ। ਬੇਸ਼ੱਕ ਤੁਸੀਂ ਤਾਰੀਫਾਂ ਵਾਲੇ ਅਤੇ ਮਹਾਨ ਹੋ।)"

[صحيح] [متفق عليه]

ਸਹਾਬੀਆਂ (ਰਜ਼ੀਅੱਲਾਹੁ ਅਨਹੁਮ) ਨੂੰ ਜਦੋਂ ਪਤਾ ਚੱਲਿਆ ਕਿ "ਅੱਤਾਹਿਆਤ " ਵਿੱਚ "السلام عليك أيها النبي ورحمة الله وبركاته - ਅੱਸਲਾਮੁ ਅਲੈਕਾ ਅਯੁਹਨ ਨਬੀਯੁ ਵਾ ਰਹਿਮਤੁੱਲਾਹੀ ਵਾ ਬਰਾਕਾਤੁਹ ..." ਕਹਿ ਕੇ ਅੱਲਾਹ ਦੇ ਨਬੀ □ 'ਤੇ ਸਲਾਮ ਭੇਜਿਆ ਜਾਵੇਗਾ ; ਤਾਂ ਆਪ □ ਨੂੰ ਪੁੱਛਿਆ ਕਿ ਆਪ ਉੱਤੇ ਦਰੂਦ ਕਿਵੇਂ ਭੇਜਿਆ ਜਾਵੇਗਾ ? ਜਵਾਬ ਵਿੱਚ ਅੱਲਾਹ ਦੇ ਨਬੀ □ ਨੇ ਉਨ੍ਹਾਂ ਨੂੰ ਆਪ ਉੱਤੇ ਦਰੂਦ ਭੇਜਣ ਦਾ ਤਰੀਕਾ ਦੱਸਿਆ , ਜੋ ਕਿ ਇਸ ਪ੍ਰਕਾਰ ਹੈ: "اللهم صلِّ على محمدٍ وعلى آل محمد" (ਅੱਲਾਹੁੱਮਾ ਸੱਲੀ ਅਲਾ ਮੁਹੰਮਦਿਨ ਵਾ ਅਲਾ ਆਲੇ ਮੁਹੰਮਦ) ਭਾਵ: ਹੇ ਅੱਲਾਹ ! ਆਪਣੇ ਨੇੜਲੇ ਫ਼ਰਿਸ਼ਤਿਆਂ ਦੇ ਸਾਹਮਣੇ ਮੁਹੰਮਦ □, ਆਪ □ ਦੇ ਦੀਨ (ਧਰਮ) ਦਾ ਪਾਲਣ ਕਰਨ ਵਾਲਿਆਂ ਅਤੇ ਆਪ □ ਦੇ ਈਮਾਨ ਲਿਆਉਣ ਵਾਲੇ ਦੀ ਸੋਹਣੇ ਸ਼ਬਦਾਂ ਨਾਲ ਤਾਰੀਫ ਕਰ। "كما صلَّيتَ على آل إبراهيم" (ਕਮਾ ਸੱਲੈਤਾ ਅਲਾ ਆਲੇ ਇਬਰਾਹੀਮ) ਜਿਵੇਂ ਤੂੰ ਇਬਰਾਹੀਮ (ਅਲੈਹਿਸ ਸਲਾਮ) ਅਤੇ ਉਨ੍ਹਾਂ ਦੇ ਪਰਿਵਾਰ — ਭਾਵ ਇਬਰਾਹੀਮ , ਇਸਮਾਈਲ, ਇਸਹਾਕ ਅਤੇ ਉਨ੍ਹਾਂ ਦੀ ਮੋਮਿਨ (ਈਮਾਨ ਵਾਲੀ) ਸੰਤਾਨ ਤੇ ਪੈਰੋਕਾਰਾਂ — ਨੂੰ ਇਹ ਮਾਣ ਬਖਸ਼ਿਆ ਹੈ , ਉਵੇਂ ਹੀ ਮੁਹੰਮਦ □ ਨੂੰ ਵੀ ਇਹ ਮਾਣ ਬਖਸ਼। "إنك حميد مجيد" (ਇੱਨਾਕਾ ਹਮੀਦੁਨ ਮਜੀਦ।) ਭਾਵ ਤੂੰ ਆਪਣੀ ਜ਼ਾਤ (ਹਸਤੀ), ਸਿਫਤਾਂ ਅਤੇ ਕਰਮਾਂ ਵਿੱਚ ਉੱਚਤਮ ਵਡਿਆਈ ਵਾਲਾ ਅਤੇ ਬੜਾ ਮਹਾਨ , ਰਾਜ ਵਾਲਾ ਤੇ ਬੇਹੱਦ ਦਇਆਵਾਨ (ਕਿਰਪਾਲੂ) ਹੈਂ। "اللهم بارك على محمدٍ وعلى آل محمد كما باركتَ على آل إبراهيم" (ਅੱਲਾਹੁੱਮਾ ਬਾਰਿਕ ਅਲਾ ਮੁਹੰਮਦਿਨ ਵਾ ਅਲਾ ਆਲੇ ਮੁਹੰਮਦ , ਕਮਾ ਬਾਰਕਤਾ ਅਲਾ ਆਲੇ ਇਬਰਾਹੀਮ) ਭਾਵ ਆਪ □ ਨੂੰ ਵੱਡੀ ਭਲਾਈ ਅਤੇ ਇੱਜ਼ਤ ਬਖਸ਼ , ਉਸ ਵਿੱਚ ਵਾਧਾ ਕਰ ਅਤੇ ਨਿਰੰਤਰ ਜਾਰੀ ਰੱਖ।

http://sunnah.global/hadeeth/pa/show/5377